# College Bound ਸੰਬੰਧੀ ਮਿਥਿਹਾਸ ਅਤੇ ਤੱਥ

| ਮਿਥਿਹਾਸ | ਤੱਥ |
| --- | --- |
| College Bound ਇੱਕ ਪੂਰੀ ਰਾਈਡ ਹੈ। | College Bound ਸਾਰੇ ਖਰਚਿਆਂ ਨੂੰ ਕਵਰ ਨਹੀ ਕਰ ਸਕਦਾ ਹੈ। ਇੱਕ ਵਿਦਿਆਰਥੀ ਦੀ ਇਨਾਮ ਰਕਮ WA Grant ਅਤੇ ਹੋਰ ਰਾਜ ਸਹਾਇਤਾ ਜਾਂ ਵਜ਼ੀਫ਼ੇ ਦਿੱਤੇ ਜਾਣ ਤੋ ਬਾਅਦ ਨਿਰਧਾਰਤ ਕੀਤੀ ਜਾਂਦੀ ਹੈ। ਜੇਕਰ ਹੋਰ ਵਿੱਤੀ ਸਹਾਇਤਾ ਟਿਊਸ਼ਨ ਨੂੰ ਕਵਰ ਕਰਦੀ ਹੈ, ਤਾਂ ਇਹ ਕਮਰੇ ਅਤੇ ਬੋਰਡ ਲਈ ਫੰਡ ਦੇ ਸਕਦਾ ਹੈ। |
| ਜੱਦ ਵੀ ਮੈਂ ਕਿਸੇ ਭਾਗ ਲੈਣ ਵਾਲੇ ਸਕੂਲ ਵਿੱਚ ਪੜ੍ਹਦਾ/ਪੜ੍ਹਦੀ ਹਾਂ, ਤਾਂ ਮੈਨੂੰ ਹਰ ਸਾਲ ਫੰਡਿੰਗ ਦੀ ਗਾਰੰਟੀ ਦਿੱਤੀ ਜਾਂਦੀ ਹੈ। | ਇਸ ਗੱਲ ਦੀ ਪੁਸ਼ਟੀ ਕਰਨ ਲਈ ਤੁਹਾਡੀ ਵਿੱਤੀ ਸਹਾਇਤਾ ਅਰਜ਼ੀ ਦੀ ਸਾਲਾਨਾ ਸਮੀਖਿਆ ਕੀਤੀ ਜਾਂਦੀ ਹੈ ਕਿ ਤੁਸੀ ਲੋੜੀਦੀ ਆਮਦਨ ਸੀਮਾ ਦੇ ਅੰਦਰ ਹੋ। ਤੁਹਾਨੂੰ ਆਪਣੇ ਖਾਸ ਸਕੂਲ ਦੁਆਰਾ ਨਿਰਧਾਰਤਿ SAP, (Satisfactory Academic Progress, ਸੰਤੋਸ਼ਜਨਕ ਅਕਾਦਮਿਕ ਪ੍ਰਗਤੀ) ਨੂੰ ਵੀ ਕਾਇਮ ਰੱਖਣਾ ਚਾਹੀਦਾ ਹੈ। |
| ਜੇਕਰ ਮੈਂ ਦਾਖ਼ਲਾ ਲੈਂਦਾ/ਲੈਂਦੀ ਹਾਂ ਅਤੇ ਸਾਰੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਹਨ, ਤਾਂ ਮੈਨੂੰ ਯਕੀਨੀ ਤੌਰ 'ਤੇ College Bound ਸਹਾਇਤਾ ਪ੍ਰਾਪਤ ਹੋਵੇਗੀ। | ਜੇਕਰ ਤੁਹਾਨੂੰ ਲੋੜੀਦੀ WA Grant ਜਾਂ ਹੋਰ ਸਹਾਇਤਾ ਪ੍ਰਾਪਤ ਹੋਈ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਹੋਰ ਸਹਾਇਤਾ ਪ੍ਰਾਪਤ ਨਾ ਹੋਵੇ। ਸਾਡੇ ਵੈੱਬਪੇਜ 'ਤੇ College Bound ਅਤੇ WA Grant ਤਾਲਮੇਲ ਬਾਰੇ ਜਾਣੋ। |
| ਮੈਂ ਮਾਸਟਰ ਡਗਿਰੀ ਲਈ College Bound ਦੀ ਵਰਤੋਂ ਕਰ ਸਕਦਾ/ਸਕਦੀ ਹਾਂ। | ਇੱਕ ਬੈਚਲਰ ਡਗਿਰੀ ਸਭ ਤੋਂ ਉੱਚੀ ਡਗਿਰੀ ਹੈ, ਜੋ ਤੁਸੀ College Bound ਫੰਡ ਦੀ ਵਰਤੋਂ ਕਰਕੇ ਪ੍ਰਾਪਤ ਕਰ ਸਕਦੇ ਹੋ, ਪਰ ਤੁਸੀ ਇੱਕ ਤੋਂ ਵੱਧ ਡਗਿਰੀ ਪ੍ਰਾਪਤ ਕਰ ਸਕਦੇ ਹੋ—ਜਿਵੇਂ ਕਿ ਬੈਚਲਰ ਦੀ ਡਗਿਰੀ ਪੂਰੀ ਕਰਨ ਤੋਂ ਪਹਿਲਾਂ ਇੱਕ ਐਸੋਸੀਏਟ ਡਗਿਰੀ ਪ੍ਰਾਪਤ ਕਰਨਾ। |
| College Bound ਫੰਡ ਨੂੰ ਕਿਸੇ ਵੀ ਸਥਿਤੀ ਵਿੱਚ ਵਾਪਸ ਭੁਗਤਾਨ ਕਰਨ ਦੀ ਜ਼ਰੂਰਤ ਨਹੀਂ ਹੈ। | ਜੇਕਰ ਤੁਸੀ SAP, (Satisfactory Academic Progress, ਸੰਤੋਸ਼ਜਨਕ ਅਕਾਦਮਿਕ ਪ੍ਰਗਤੀ) ਨੂੰ ਬਰਕਰਾਰ ਨਹੀਂ ਰੱਖਦੇ, ਮਨਜ਼ੂਰ ਮਿਤੀ ਤੋਂ ਬਾਅਦ ਕਲਾਸਾਂ ਤੋਂ ਪੱਿਛੇ ਹਟਦੇ ਹੋ, ਜਾਂ ਵਿੱਤੀ ਸਹਾਇਤਾ ਦਾ ਮੁੜ-ਭੁਗਤਾਨ ਕਰਨ ਜਾ ਰਹੇ ਹੋ, ਤਾਂ ਫੰਡ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਆਪਣੇ ਖਾਸ ਸਕੂਲ ਨਾਲ ਮੁੜ-ਭੁਗਤਾਨ ਦੀਆਂ ਪਾਲਿਸੀਆਂ ਦੀ ਪੁਸ਼ਟੀ ਕਰੋ। |
| ਮੈਂ ਸਕੂਲ ਤੋਂ ਸਮੈਸਟਰ ਜਾਂ ਸਾਲ ਦੀ ਛੁੱਟੀ ਨਹੀ ਲੈ ਸਕਦਾ/ਸਕਦੀ। | ਜਿੰਨਾ ਸਮਾਂ ਤੁਸੀ ਹਾਈ ਸਕੂਲ ਗ੍ਰੈਜੂਏਟ ਹੋਣ ਦੇ ਇੱਕ ਸਾਲ ਦੇ ਅੰਦਰ ਕਾਲਜ ਵਿੱਚ ਦਾਖ਼ਲਾ ਲੈਂਦੇ ਹੋ, ਓਨਾ ਸਮਾਂ ਤੁਸੀ ਇੱਕ ਸਾਲ (ਜਾਂ ਵੱਧ ਸਮੇਂ) ਦੀ ਛੁੱਟੀ ਲੈ ਸਕਦੇ ਹੋ! |
| ਮੈਂ ਇੱਕ ਗੈਰ-ਦਸਤਾਵੇਜ਼ੀ ਵਿਦਿਆਰਥੀ ਹਾਂ ਜੋ Washington ਸਟੇਟ ਵਿੱਚ ਰਹਿੰਦਾ/ਰਹਿੰਦੀ ਹੈ ਅਤੇ College Bound ਲਈ ਯੋਗ ਨਹੀ ਹੋਵਾਂਗਾ/ਹੋਵਾਂਗੀ। | ਜਿੰਨਾ ਸਮਾਂ ਸਟੇਟ ਰੈਜ਼ੀਡੈਂਸੀ ਅਤੇ ਪ੍ਰੋਗਰਾਮ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ, Washington ਦਾ ਕੋਈ ਵੀ ਵਿਦਿਆਰਥੀ College Bound ਪ੍ਰਾਪਤ ਕਰ ਸਕਦਾ ਹੈ—ਓਨਾ ਸਮਾਂ FAFSA ਦੀ ਬਜਾਏ ਸਿਰਫ਼ WASFA ਫ਼ਾਈਲ ਕਰੋ। |

College Bound
WASHINGTON

collegebound.wa.gov